# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 11 ਦਸੰਬਰ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰਦੁਆਰਾ ਨਾਨਕ ਨਿਵਾਸ ਵਿਖੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 11 ਦਸੰਬਰ : ਬੀਤੇ ਐਤਵਾਰ ਗੁਰਦੁਆਰਾ ਨਾਨਕ ਨਿਵਾਸ,ਰਿਚਮੰਡ ਵਿਖੇ ਗੁਰੂ ਤੇਗ ਬਹਾਦਰ ਜੀ ਦਾ 349 ਵਾਂ ਸ਼ਹੀਦੀ ਦਿਵਸ ਮਨਾਇਆ ਗਿਆ। ਸੰਗਤਾਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰੂ ਘਰ ਦੇ ਕੀਰਤਨੀ ਜਥੇ ਨੇ ਸੰਗਤਾਂ ਨਾਲ ਬਹੁਤ ਹੀ ਮਧੁਰ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਵਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਗੁਰੂ ਘਰ ਦੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਬਹੁਤ ਹੀ ਪਿਆਰੇ ਸ਼ਬਦਾਂ ਨਾਲ਼ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਪ੍ਰੇਮੀ ਗਿਆਨੀ ਰਣਜੀਤ ਸਿੰਘ ਨੇ ਗੁਰੂ ਜੀ ਦੀ ਸ਼ਹੀਦੀ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।



ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਕਿ ਹਿੰਦ ਦੀ ਚਾਦਰ ਅਤੇ ਸਿੱਖਾਂ ਦੇ ਨੌਂਵੇਂ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਲਾਸਾਨੀ ਹੈ। ਗੁਰੂ ਜੀ ਬਹੁਤ ਹੀ ਸਤਿਕਾਰਯੋਗ ਯੋਧੇ ਸਨ। ਕਰਤਾਰਪੁਰ ਦੀ ਮੁਗ਼ਲਾਂ ਨਾਲ਼ ਲੜਾਈ ਸਮੇਂ ਉਹਨਾਂ ਨੇ ਜੋ ਜੌਹਰ ਦਿਖਾਏ ਉਹਨਾਂ ਸਦਕਾ ਉਹਨਾਂ ਦਾ ਨਾਮ ਉਹਨਾਂ ਦੇ ਪਿਤਾ ਜੀ ਗੁਰੂ ਹਰਗੋਬਿੰਦ ਜੀ ਨੇ ਤੇਗ ਮੱਲ ਤੋਂ ਤੇਗ ਬਹਾਦਰ ਰੱਖ ਦਿੱਤਾ। ਗੁਰ ਗੱਦੀ ਉੱਪਰ ਬਹਿੰਦੇ ਸਾਰ ਹੀ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਭਾਰਤ ਦੇ ਕੋਨੇ ਕੋਨੇ ਵਿੱਚ ਪਹੁੰਚਾਇਆ। ਮੁਗ਼ਲ ਬਾਦਸ਼ਾਹ ਔਰੰਗਜੇਬ ਦੇ ਜ਼ੁਲਮ ਤੋਂ ਸਤਾਏ ਹੋਏ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਜਦੋਂ ਗੁਰੂ ਸਾਹਿਬ ਕੋਲ ਮਦਦ ਲਈ ਪਹੁੰਚੇ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਹ ਜ਼ੁਲਮ ਰੋਕਣ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਹੈ। ਉਹਨਾਂ ਕੋਲ ਬੈਠੇ ਉਹਨਾਂ ਦੇ ਨੌਂ ਸਾਲਾ ਪੁੱਤਰ ਗੋਬਿੰਦ ਰਾਏ ਨੇ ਕਿਹਾ ਕਿ ਪਿਤਾ ਜੀ ਹੁਣ ਤੁਹਾਡੇ ਜਿਹੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਹੈ।

8 ਜਨਵਰੀ 1675 ਨੂੰ ਆਪਣੇ ਪੁੱਤਰ ਨੂੰ ਗੁਰਗੱਦੀ ਸੰਭਾਲ ਕੇ ਦੋ ਦਿਨ ਬਾਅਦ 10 ਜਨਵਰੀ1675 ਨੂੰ ਗੁਰੂ ਜੀ ਨੇ ਦਿੱਲੀ ਵੱਲ ਨੂੰ ਚਾਲੇ ਪਾ ਲਏ। ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਮਕਤੂਲ ਕਾਤਲ ਕੋਲ ਆਪ ਚੱਲ ਕੇ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਔਰੰਗਜੇਬ ਨੇ ਗੁਰੂ ਜੀ ਨੂੰ ਦੋ ਵਾਰ ਗ੍ਰਿਫ਼ਤਾਰ ਕੀਤਾ ਸੀ। ਪਹਿਲੀ ਵਾਰ ਗੁਰੂ ਜੀ ਦੀ ਗ੍ਰਿਫ਼ਤਾਰੀ ਉਦੋਂ ਹੋਈ ਜਦੋਂ ਉਹ ਧਮਧਾਣ ਵਿਖੇ ਸ਼ਸਤਰ ਵਿਦਿਆ ਦਾ ਅਭਿਆਸ ਕਰਵਾ ਰਹੇ ਸਨ। ਉਸ ਸਮੇਂ ਇਕ ਮਹੀਨੇ ਬਾਅਦ ਗੁਰੂ ਜੀ ਦੇ ਕੁਝ ਸ਼ੁਭਚਿੰਤਕਾਂ ਨੇ ਦਖ਼ਲ ਦੇ ਕੇ ਗੁਰੂ ਸਾਹਿਬ ਨੂੰ ਰਿਹਾ ਕਰਵਾ ਲਿਆ। ਗੁਰੂ ਤੇਗ ਬਹਾਦਰ ਜੀ ਦੀ ਦੂਜੀ ਗ੍ਰਿਫ਼ਤਾਰੀ ਆਗਰੇ ਵਿਖੇ ਅਪ੍ਰੈਲ 1670 ਵਿਚ ਹੋਈ ਜਿਥੇ ਉਹ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਜਨਤਾ ਨਾਲ ਸਾਂਝਾ ਕਰ ਰਹੇ ਸਨ। ਇਸ ਵਾਰ ਫਿਰ ਉਹਨਾਂ ਦੇ ਇਕ ਸ਼ਰਧਾਲੂ ਸੈਫ਼ ਖਾਨ ਨੇ 12 ਦਿਨ ਬਾਅਦ ਗੁਰੂ ਸਾਹਿਬ ਦੀ ਰਿਹਾਈ ਕਰਵਾਈ। ਜ਼ਾਲਮ ਔਰੰਗਜੇਬ ਨੇ 11 ਨਵੰਬਰ 1675 ਨੂੰ ਗੁਰੂ ਜੀ ਅਤੇ ਉਹਨਾਂ ਦੇ ਸਾਥੀਆਂ ਭਾਈ ਸਤੀ ਦਾਸ,ਭਾਈ ਮਨੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਬਹੁਤ ਹੀ ਬੇਰਹਿਮੀਂ ਨਾਲ ਸ਼ਹੀਦ ਕਰ ਦਿੱਤਾ। ਗੁਰੂ ਜੀ ਦੀ ਕਰੁਬਾਨੀ ਮਨੁੱਖੀ ਹੱਕਾਂ ਲਈ ਦਿੱਤੀ ਕੁਰਬਾਨੀ ਦੀ ਲਾਸਾਨੀ ਮਿਸਾਲ ਹੈ। ਇਹ ਕੁਰਬਾਨੀ ਸਮੁੱਚੇ ਸੰਸਾਰ ਲਈ ਮਨੁੱਖੀ ਹੱਕਾਂ ਬਾਰੇ ਇਕ ਚਾਨਣ ਮੁਨਾਰਾ ਹੈ। ਉਨ੍ਹਾਂ ਅੰਤ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ,ਬੁਲਾਰਿਆਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

## ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨਾਵਾਰ ਮੀਟਿੰਗ ਹੋਈ

### ਪਿੰਡ ਫੂਸ ਮੰਡੀ ਵਿਖੇ ਅੱਖਾਂ ਦੇ ਮੁਫ਼ਤ ਜਾਂਚ ਕੈਂਪ ਨੂੰ ਦਿੱਤੀ ਮਨਜ਼ੂਰੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ 11 ਦਸੰਬਰ : ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੀ ਮਹੀਨਾਵਾਰ ਮੀਟਿੰਗ ਬੀਤੇ ਦਿਨੀ ਇਥੇ ਸਥਿਤ ਟੀਚਰਜ਼ ਹੋਮ ਵਿਖੇ ਕਲੱਬ ਪ੍ਰਧਾਨ ਗੁਰਜੀਤ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਜਿੱਥੇ ਸਮਾਜ ਨਾਲ ਸਬੰਧਤ ਕਈ ਅਹਿਮ ਮੁੱਦੇ ਵਿਚਾਰੇ ਗਏ ਉਥੇ ਹੀ ਬੀਤੇ ਦਿਨੀ ਪ੍ਰੈਸ ਕਲੱਬ ਵੱਲੋਂ ਪਾਏ ਗਏ ਮਤੇ ਅਨੁਸਾਰ ਅੱਖਾਂ ਦੇ ਮੁਫਤ ਜਾਂਚ ਕੈਂਪ ਦੀ ਤਰੀਕ ਵੀ ਨਿਰਧਾਰਿਤ ਕੀਤੀ ਗਈ। ਮੀਟਿੰਗ ਚ ਪਹੁੰਚੇ ਅਹੁਦੇਦਾਰਾਂ ਜਿਨਾਂ ਵਿੱਚ ਕਲੱਬ ਦੇ ਸਰਪ੍ਰਸਤ ਜਸਕਰਨ ਸਿੰਘ ਸਿਵੀਆਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ, ਜਨਰਲ ਸਕੱਤਰ ਸੁਰਿੰਦਰ ਪਾਲ ਸਿੰਘ, ਨਸੀਬ ਚੰਦ ਸ਼ਰਮਾ, ਸੁਖਵਿੰਦਰ ਸਰਾਂ, ਜਸ਼ਨਜੀਤ ਸਿੰਘ ਤੋਂ ਇਲਾਵਾ ਕਿਸੇ ਕਾਰਨ ਇਸ ਮੀਟਿੰਗ ਵਿੱਚ ਨਾ ਪਹੁੰਚ ਸਕੇ ਰਾਜਦੀਪ ਜੋਸ਼ੀ, ਪ੍ਰਿੰਸ ਸੇਖੂ ਅਤੇ ਰਾਜਕੁਮਾਰ ਆਦਿ ਪੱਤਰਕਾਰਾਂ ਨੇ ਅੱਖਾਂ ਦੇ ਮੁਫਤ ਜਾਂਚ ਕੈਂਪ ਸਬੰਧੀ 21 ਦਸੰਬਰ ਨੂੰ ਪਿੰਡ ਫੂਸ ਮੰਡੀ ਵਿਖੇ ਕੈਂਪ ਲਗਵਾਉਣ ਤੇ ਆਪਣੀ ਸਹਿਮਤੀ ਪ੍ਰਗਟ ਕੀਤੀ। ਦੱਸਣਾ ਬਣਦਾ ਹੈ ਕਿ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਜਿੱਥੇ ਨਿਡਰਤਾ ਅਤੇ ਨਿਰਪੱਖਤਾ ਦੇ ਨਾਲ ਸਮਾਜਿਕ ਮੁੱਦੇ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਂਦਾ ਹੈ ਉਥੇ ਹੀ ਸਮਾਜ ਭਲਾਈ ਦੇ ਕੰਮਾਂ ਵਿੱਚ ਜਿਸ ਤਰ੍ਹਾਂ ਕਿ ਪੌਦੇ ਲਾਉਣਾ ,ਗਰੀਬ ਲੜਕੀਆਂ ਦੇ ਵਿਆਹ ਕਰਾਉਣਾ ਜਰੂਰਤਮੰਦ ਬੱਚਿਆਂ ਨੂੰ ਰੁਜ਼ਗਾਰ ਮੁਹਈਆ ਕਰਾਉਣਾ ਆਦਿ,ਵਿੱਚ ਵੀ ਮੋਹਰੀ ਰੋਲ ਅਦਾ ਕਰ ਰਿਹਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਪ੍ਰੈਸ ਕਲੱਬ ਵੱਲੋਂ ਇਸ ਵਾਰ ਵਧੇ ਹੋਏ ਹਵਾ ਪ੍ਰਦੂਸ਼ਣ ਕਾਰਨ ਅੱਖਾਂ ਦਾ ਮੁਫਤ ਜਾਂਚ ਕੈਂਪ ਲਾਉਣ ਦਾ ਮਤਾ ਪਾਇਆ ਸੀ। ਇਸ ਬਾਰੇ ਗੱਲ ਕਰਦਿਆਂ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੇ ਪ੍ਰਧਾਨ ਗੁਰਜੀਤ ਚੌਹਾਨ ਨੇ ਦੱਸਿਆ ਕਿ ਮਿਤੀ 21 ਦਸੰਬਰ 2024 ਨੂੰ ਜਿਲਾ ਬਠਿੰਡਾ ਦੇ ਪਿੰਡ ਫੂਸ ਮੰਡੀ ਵਿਖੇ ਅੱਖਾਂ ਦਾ ਮੁਫਤ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ ਜਿੱਥੇ ਅੱਖਾਂ ਦੇ ਮਾਹਿਰ ਡਾਕਟਰ ਹਰਜੀਤ ਸਿੰਘ ਆਪਣੀ ਟੀਮ ਨਾਲ ਆਪਣੀਆਂ ਸੇਵਾਵਾਂ ਮੁਹਈਆ ਕਰਾਉਣਗੇ। ਇਹ ਕੈਂਪ ਸਵੇਰ 10 ਵਜੇ ਤੋਂ ਲੈ ਕੇ ਮਰੀਜ਼ਾਂ ਦੀ ਗਿਣਤੀ ਮੁਤਾਬਿਕ ਜਾਰੀ ਰੱਖਿਆ ਜਾਵੇਗਾ ਉਹਨਾਂ ਅੱਗੇ ਕਿਹਾ ਕਿ ਇਸ ਕੈਂਪ ਵਿੱਚ ਵੱਧ ਤੋਂ ਵੱਧ ਲੋੜਵੰਦ ਮਰੀਜ਼ਾਂ ਨੂੰ ਲੈ ਕੇ ਆਓ ਤਾਂ ਜੋ ਜਰੂਰਤਮੰਦ ਲੋਕਾਂ ਨੂੰ ਇਸ ਕੈਂਪ ਦਾ ਲਾਹਾ ਮਿਲ ਸਕੇ।

## ਯੂਥ ਵੀਰਾਂਗਨਾਏਂ (ਰਜਿ.) ਇਕਾਈ ਬਠਿੰਡਾ ਵੱਲੋਂ ਲੋੜਵੰਦ ਲੜਕੀਆਂ ਨੂੰ ਮੁਫ਼ਤ ਬਿਊਟੀ ਪਾਰਲਰ ਟ੍ਰੇਨਿੰਗ ਕੀਤੀ ਸ਼ੁਰੂ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 11 ਦਸੰਬਰ : ਯੂਥ ਵੀਰਾਂਗਨਾਂਏ (ਰਜਿ.), ਇਕਾਈ ਬਠਿੰਡਾ ਵੱਲੋਂ ਲੜਕੀਆਂ ਨੂੰ ਆਰਥਿਕ ਪੱਖੋਂ ਆਤਮ-ਨਿਰਭਰ ਬਨਾਉਣ ਲਈ ਵੱਡੇ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਬਠਿੰਡਾ ਵਿਖੇ ਸਿਲਾਈ ਸਿਖਲਾਈ ਸੈਂਟਰਾਂ ਤੋਂ ਬਾਅਦ ਨਿਊ ਇਮੇਜ ਬਿਊਟੀ ਸੈਲੂਨ, ਮੇਨ ਰੋਡ, ਪਰਸ ਰਾਮ ਨਗਰ ਅਤੇ ਗਲੀ ਨੰ.33, ਸੁਰਖਪੀਰ ਰੋਡ ਵਿਖੇ ਯੂਥ ਵਲੰਟੀਅਰ ਸੁਖਵੀਰ ਕੌਰ ਦੇ ਯਤਨਾਂ ਸਦਕਾ ਮੁਫ਼ਤ 'ਬਿਊਟੀ ਪਾਰਲਰ ਸਿਖਲਾਈ' ਦੀ ਸ਼ੁਰੂਆਤ ਕੀਤੀ ਗਈ ਹੈ। ਇਨਾਂ ਸੈਂਟਰਾਂ 'ਚ ਲਗਭਗ 15-15 ਲੜਕੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਮੌਕੇ ਯੂਥ ਵਲੰਟੀਅਰ ਅਨੂ ਨੇ ਸਿਖਲਾਈ ਹਾਸਿਲ ਕਰਨ ਵਾਲੀਆਂ ਲੜਕੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਮੇਂ ਸਿਰ ਸੈਂਟਰ ਵਿਚ ਪਹੁੰਚ ਕੇ ਸਿਖਲਾਈ ਦੀ ਕਲਾਸ ਲਗਾਉਣ ਤਾਂ ਕਿ ਉਹ ਟ੍ਰੇਨਿੰਗ ਲੈ ਕੇ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਸਿਖਲਾਈ ਦੀਆਂ ਕਲਾਸਾਂ ਆਨਲਾਈਨ ਲਗਾਈਆਂ ਜਾਣਗੀਆਂ ਪ੍ਰੰਤੂ ਪ੍ਰੈਕਟੀਕਲ ਟ੍ਰੇਨਿੰਗ ਕਨੂਪ੍ਰਿਆ ਅਤੇ ਸਿਮਰਨ ਵੱਲੋਂ ਦਿੱਤੀ ਜਾਵੇਗੀ। ਇਸ ਮੌਕੇ ਏਰੀਆ ਇਕਾਈ ਮੈਂਬਰ ਪ੍ਰੇਮ ਅਤੇ ਸ਼ਸ਼ੀ ਨੇ ਸਿਖਲਾਈ ਹਾਸਿਲ ਕਰਨ ਦੀਆਂ ਇੱਛੁਕ ਬੇਰੁਜਗਾਰ ਲੜਕੀਆਂ ਨੂੰ ਉਨਾਂ ਨਾਲ ਸੰਪਰਕ ਕਰਕੇ ਇਹ ਹੁਨਰ ਹਾਸਲ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਯੂਥ ਵਲੰਟੀਅਰਾਂ ਨੀਤੂ, ਸੋਨੀ, ਸੁਨੀਤਾ, ਡੈਲਿਸ਼ਾ, ਸਿਮਰਨ ਅਤੇ ਹੋਰ ਵਲੰਟੀਅਰਾਂ ਹਾਜਰ ਸਨ।

## ਸਾਹਿਤ ਸਭਾ ਪਟਿਆਲਾ ਵੱਲੋਂ ਪ੍ਰੋ. ਨਵ ਸੰਗੀਤ ਸਿੰਘ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼





ਪਟਿਆਲਾ : 11 ਦਸੰਬਰ : ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਮਾਸਿਕ ਸਮਾਗਮ ਵਿੱਚ ਸੇਵਾਮੁਕਤ ਬੈਂਕਰ ਹਰਵਿੰਦਰ ਸਿੰਘ 'ਵਿੰਦਰ' ਦੇ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਤਿੱਖੀਆਂ ਸੂਲ਼ਾਂ' 'ਤੇ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਸੰਵਾਦ ਰਚਾਇਆ ਗਿਆ। ਇਸ ਵਿੱਚ ਡਾ. ਹਰਿਸਿਮਰਨ ਸਿੰਘ ਰੰਧਾਵਾ (ਪ੍ਰਧਾਨ), ਸ਼੍ਰੀਮਤੀ ਅਨੁਪਇੰਦਰ ਕੌਰ ਸੰਧੂ (ਮੁੱਖ ਮਹਿਮਾਨ), ਡਾ. ਤਿਰਲੋਚਨ ਕੌਰ, ਪ੍ਰੋ. ਨਵ ਸੰਗੀਤ ਸਿੰਘ, ਸੁਖਦੇਵ ਸਿੰਘ ਸ਼ਾਂਤ (ਸਾਰੇ ਵਿਸ਼ੇਸ਼ ਮਹਿਮਾਨ) ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਹੋਰਨਾਂ ਤੋਂ ਇਲਾਵਾ ਪ੍ਰੋ. ਨਵ ਸੰਗੀਤ ਸਿੰਘ ਨੇ ਵੀ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋ. ਸਿੰਘ ਨੇ ਸਾਹਿਤਕਾਰ ਦੇ ਦਾਇਤੱਵ ਨੂੰ ਰੇਖਾਂਕਿਤ ਕਰਦਿਆਂ ਵਿੰਦਰ ਨੂੰ ਉਹਦੀ ਕਿਤਾਬ ਲਈ ਮੁਬਾਰਕ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਵਿੰਦਰ ਦੀਆਂ ਕਵਿਤਾਵਾਂ ਸਮਾਜਕ ਵਿਸੰਗਤੀਆਂ ਤੇ ਪੈਨਾ ਵਿਅੰਗ ਕਰਦੀਆਂ ਹਨ। ਵਿੰਦਰ ਨੇ ਵੰਨ ਸੁਵੰਨੇ ਵਿਸ਼ਿਆਂ ਦੀ ਤਰਜਮਾਨੀ ਕਰਦਿਆਂ ਚੁਗਿਰਦੇ ਨੂੰ ਡੂੰਘੀ ਨੀਝ ਨਾਲ ਵਾਚਿਆ ਹੈ ਤੇ ਆਪਣੇ ਸਮਕਾਲ/ਤੱਤਕਾਲ ਦੀ ਤਿੱਖੇ ਨਸ਼ਤਰ ਨਾਲ ਚੀਰਫਾੜ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮਾਗਮ ਵਿੱਚ ਹਾਜ਼ਰ ਸਰੋਤਿਆਂ ਨੇ ਕਵਿਤਾਵਾਂ, ਗੀਤਾਂ, ਮਿੰਨੀ ਕਹਾਣੀਆਂ ਰਾਹੀਂ ਆਪੋ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਸਭਾ ਦੀਆਂ ਗਤੀਵਿਧੀਆਂ ਦੱਸੀਆਂ ਤੇ ਸਾਰੇ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦਵਿੰਦਰ ਪਟਿਆਲਵੀ ਨੇ ਬਾਖੂਬੀ ਨਿਭਾਇਆ। ਅੰਤ ਵਿੱਚ ਪ੍ਰੋ. ਸਿੰਘ ਨੂੰ ਸਭਾ ਵੱਲੋਂ ਸ਼ਾਲ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀ ਲਾਸਾਨੀ ਕੁਰਬਾਨੀ ਦੀ ਦੁਨੀਆਂ ਦੇ ਕਿਸੇ ਵੀ ਧਰਮ ਵਿਚ ਕੋਈ ਮਿਸਾਲ ਨਹੀਂ ਮਿਲਦੀ

### ਸ਼ਹੀਦੀ ਪੰਦਰਵਾੜੇ ਦੌਰਾਨ ਘਰਾਂ ਵਿੱਚ ਖੁਸ਼ੀ ਦੇ ਸਮਾਗਮ ਨਾ ਕਰਨ ਤੇ ਸ਼ਹੀਦੀ ਸਭਾ ਦੇ ਸਮਾਗਮਾਂ ਵਿੱਚ ਸਾਦੇ ਰੂਪ ਵਿੱਚ ਸ਼ਾਮਲ ਹੋਣ ਦੀ ਅਪੀਲ

### ਮੁੱਖ ਮੰਤਰੀ ਨੇ ਸ਼ਹੀਦੀ ਸਭਾ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਆਪਣੀ ਰਿਹਾਇਸ਼ 'ਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਂਡਸਾ




ਚੰਡੀਗੜ੍ਹ 11 ਦਸੰਬਰ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਸ਼ਹੀਦੀ ਪੰਦਰਵਾੜੇ ਦੌਰਾਨ ਘਰਾਂ ਵਿੱਚ ਖੁਸ਼ੀ ਦੇ ਸਮਾਗਮ ਨਾ ਕਰਨ ਤੇ ਸ਼ਹੀਦੀ ਸਭਾ ਦੇ ਸਮਾਗਮਾਂ ਵਿੱਚ ਸਾਦੇ ਰੂਪ ਵਿੱਚ ਸ਼ਾਮਲ ਹੋਣ। ਉਨ੍ਹਾਂ ਨੇ ਕਿਹਾ ਕਿ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀ ਲਾਸਾਨੀ ਕੁਰਬਾਨੀ ਦੀ ਦੁਨੀਆਂ ਦੇ ਕਿਸੇ ਵੀ ਧਰਮ ਵਿਚ ਕੋਈ ਮਿਸਾਲ ਨਹੀਂ ਮਿਲਦੀ ਤੇ ਨਾ ਹੀ ਅਜਿਹੀ ਕੁਰਬਾਨੀ ਕਿਸੇ ਨੇ ਦਿੱਤੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪਵਿਤਰ ਸਥਾਨਾਂ 'ਤੇ ਆਉਣ ਸਮੇਂ ਕਿਸੇ ਤਰ੍ਹਾਂ ਦੀ ਹੁੱਲੜਬਾਜ਼ੀ ਨਾ ਕਰਨ। ਉਨ੍ਹਾਂ ਸਮੂਹ ਲੰਗਰ ਕਮੇਟੀਆਂ ਤੇ ਸਭਾ ਸੁਸਾਇਟੀਆਂ ਨੂੰ ਵੀ ਕਿਹਾ ਕਿ ਲੰਗਰਾਂ ਵਿੱਚ ਮਿੱਠੇ ਪਕਵਾਨ ਨਾ ਪਕਾਏ ਜਾਣ।

ਉਧਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੰਘੇ ਦਿਨੀਂ ਸ੍ਰੀ ਫ਼ਤਹਿਗੜ੍ਹ ਸਾਹਿਬ ਵਿੱਚ 25 ਤੋਂ 27 ਦਸੰਬਰ ਤੱਕ ਹੋਣ ਵਾਲੀ ਸ਼ਹੀਦੀ ਸਭਾ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਆਪਣੀ ਰਿਹਾਇਸ਼ 'ਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਭਾ ਤੋਂ ਪਹਿਲਾਂ ਗੁਰਦੁਆਰੇ ਨੂੰ ਜਾਣ ਵਾਲੀਆਂ ਪ੍ਰਮੁੱਖ ਸੜਕਾਂ ਦੀ ਮੁਰੰਮਤ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ ਸੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੜਕਾਂ ਦੀ ਮੁਰੰਮਤ ਲਈ ਪਹਿਲਾਂ ਹੀ ਫੰਡ ਅਲਾਟ ਕੀਤੇ ਗਏ ਹਨ, ਇਸ ਲਈ ਇਹ ਕੰਮ ਸਮਾਂਬੱਧ ਢੰਗ ਨਾਲ ਮੁਕੰਮਲ ਕੀਤਾ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਗੁਰਦੁਆਰੇ ਨੂੰ ਜਾਂਦੀ ਹਰ ਸੜਕ 'ਤੇ ਹੈਲਪਲਾਈਨ ਸੈਂਟਰ ਸਥਾਪਤ ਕਰਨ ਲਈ ਕਿਹਾ ਤਾਂ ਜੋ ਸ਼ਰਧਾਲੂਆਂ ਨੂੰ ਸਭਾ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਹਰ ਥਾਂ ਸੀਸੀਟੀਵੀ ਕੈਮਰੇ ਲਗਾਏ ਜਾਣ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਜਾਣ ਤੇ ਸਭਾ ਦੌਰਾਨ ਸ਼ਹਿਰ ਦੀ ਸਫਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਉਹ ਖੁਦ ਇਸ ਕੰਮ ਦੀ ਨਿਗਰਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਨੂੰ ਸਮਾਂਬੱਧ ਢੰਗ ਨਾਲ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਹਰ ਸਹੂਲਤ ਮੁਹੱਈਆ ਕਰਾਉਣਾ ਸਰਕਾਰ ਦਾ ਫਰਜ਼ ਬਣਦਾ ਹੈ।

## ਸਹਾਇਕ ਲੋਕ ਸੰਪਰਕ ਅਧਿਕਾਰੀ (ਰ) ਪਰਮਜੀਤ ਕੌਰ ਸੋਢੀ ਨੂੰ ਸਦਮਾ

ਵਰਲਡ ਪੰਜਾਬੀ ਟਾਈਮਜ਼ ਉਜਾਗਰ ਸਿੰਘ



ਪਟਿਆਲਾ: 11 ਦਸੰਬਰ : ਸਾਬਕਾ ਸਹਾਇਕ ਲੋਕ ਸੰਪਰਕ ਅਧਿਕਾਰੀ ਪਰਮਜੀਤ ਕੌਰ ਸੋਢੀ ਦੀ ਮਾਤਾ ਸ਼੍ਰੀਮਤੀ ਸਤਵੰਤ ਕੌਰ ਸੋਢੀ ਸਵਰਗਵਾਸ ਹੋ ਗਏ ਹਨ। ਉਹ 92 ਸਾਲ ਦੇ ਸਨ। ਉਨ੍ਹਾਂ ਨੇ ਆਪਣੇ ਪਤੀ ਸ੍ਰ. ਬਾਵਾ ਭਗਤ ਸਿੰਘ ਸੋਢੀ ਦੀ ਮੌਤ ਤੋਂ ਬਾਅਦ ਆਪਣੇ ਤਿੰਨਾ ਬੱਚਿਆਂ ਪਰਮਜੀਤ ਕੌਰ ਸੋਢੀ ਅਮਰਦੀਪ ਕੌਰ ਸੋਢੀ ਅਤੇ ਸਤਿੰਦਰ ਪਾਲ ਸਿੰਘ ਸੋਢੀ ਨੂੰ ਪਾਲਿਆ, ਪੜ੍ਹਾਇਆ ਅਤੇ ਨੌਕਰੀਆਂ ਤੇ ਲਗਵਾਇਆ। ਉਨ੍ਹਾਂ ਦਾ ਅੱਜ ਪੂਰੀਆਂ ਧਾਰਮਿਕ ਰਸਮਾਂ ਨਾਲ ਅੰਤਮ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸਤਿੰਦਰ ਪਾਲ ਸਿੰਘ ਸੋਢੀ ਨੇ ਵਿਖਾਈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਪ੍ਰਣਾਮ ਸਿੰਘ ਨੇ ਅਰਦਾਸ ਕੀਤੀ। ਉਨ੍ਹਾਂ ਦੇ ਸਸਕਾਰ ਦੇ ਮੌਕੇ 'ਤੇ ਅਕਾਲੀ ਜਥਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਇੰਦਰਮੋਹਨ ਸਿੰਘ ਬਜਾਜ, ਜੋਗਿੰਦਰ ਸਿੰਘ ਜੋਗੀ ਸਾਬਕਾ ਡਿਪਟੀ ਮੇਅਰ, ਸੀਨੀਅਰ ਪੱਤਰਕਾਰ ਗਗਨਦੀਪ ਸਿੰਘ ਆਹੂਜਾ, ਸੁਚੇਤਾ ਜੋਸ਼ੀ ਸਹਾਇਕ ਲੋਕ ਸੰਪਰਕ ਅਧਿਕਾਰੀ, ਅਮਰਜੀਤ ਸਿੰਘ ਬਠਲਾ ਸਾਬਕਾ ਕੌਂਸਲਰ, ਗੁਰਦੀਪ ਸਿੰਘ ਪ੍ਰਧਾਨ ਪਟਿਆਲਾ ਪੈਨਸਨਜ਼ ਵੈਲਫੇਅਰ ਐਸੋਸੀਏਸ਼ਨ, ਹਰਵਿੰਦਰ ਸਿੰਘ ਬਿੰਦਾ, ਸੁਖਮਨੀ ਸਾਹਿਬ ਸੋਸਾਇਟੀ ਅਤੇ ਕੀਰਤਨ ਮੰਡਲ ਪਟਿਆਲਾ ਦੇ ਅਹੁਦੇਦਾਰ ਤੇ ਮੈਂਬਰ, ਸੈਂਟਰਲ ਵੇਅਰ ਹਾਊਸਿੰਗ ਨਿਗਮ ਤੇ ਸਰਕਾਰੀ ਪ੍ਰੈਸ ਦੇ ਅਧਿਕਾਰੀ, ਕਰਮਚਾਰੀ ਅਤੇ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧ ਹਾਜ਼ਰ ਸਨ। ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਨੇ ਮ੍ਰਿਤਕ ਦੇਹ 'ਤੇ ਸ਼ਾਲ ਪਾ ਕੇ ਸਤਿਕਾਰ ਭੇਂਟ ਕੀਤਾ। ਜ਼ਿਲ੍ਹਾ ਲੋਕ ਸੰਪਰਕ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਐਸੋਸੀਏਸ਼ਨ ਦੀ ਐਮਰਜੈਂਸੀ ਮੀਟਿੰਗ ਵਿੱਚ ਸ਼੍ਰੀਮਤੀ ਸਤਵੰਤ ਕੌਰ ਦੇ ਅਚਾਨਕ ਸਵਰਗਵਾਸ ਹੋਣ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਸ਼੍ਰੀਮਤੀ ਸਤਵੰਤ ਕੌਰ ਸੋਢੀ ਨੂੰ ਸ਼ਰਧਾਂਜ਼ਲੀ ਭੇਂਟ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਗੁਰਮਤਿ ਨੂੰ ਪ੍ਰਣਾਈ , ਸੁਲਝੀ ਹੋਈ ਗ੍ਰਹਿਣੀ, ਸਬਰ ਸੰਤੋਖ ਅਤੇ ਵਾਹਿਗੁਰੂ ਦੀ ਰਜਾ ਵਿੱਚ ਰਹਿਣ ਵਾਲੀ ਇਸਤਰੀ ਸਨ। ਸ਼ਰਧਾਂਜ਼ਲੀ ਭੇਂਟ ਕਰਨ ਵਾਲਿਆਂ ਵਿੱਚ ਉਜਾਗਰ ਸਿੰਘ, ਸੁਰਜੀਤ ਸਿੰਘ ਦੁੱਖੀ, ਸੁਰਜੀਤ ਸਿੰਘ ਸੈਣੀ, ਕੁਲਜੀਤ ਸਿੰਘ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਸਿੰਘ ਸੇਠੀ, ਜੀ.ਪੀ.ਸਿੰਘ, ਜੀ.ਆਰ.ਕੁਮਰਾ, ਨਵਲ ਅਤੇ ਕਿਸ਼ੋਰ ਸ਼ਾਮਲ ਸਨ। ਉਨ੍ਹਾਂ ਦੀ ਆਤਮਾ ਦੀ ਸ਼ਾਤੀ ਲਈ ਅੰਤਮ ਅਰਦਾਸ ਅਤੇ ਕੀਰਤਨ 13 ਦਸੰਬਰ ਨੂੰ ਗੁਰਦੁਆਰਾ ਮੋਤੀ ਬਾਗ ਵਿਖੇ 12.00 ਵਜੇ ਤੋਂ 1.30 ਵਜੇ ਤੱਕ ਹੋਵੇਗਾ।

ਤਸਵੀਰ: ਸਤਵੰਤ ਕੌਰ ਸੋਢੀ

## ਜਮਹੂਰੀ ਹੱਕਾਂ ਦਾ ਘਾਣ : ਮਰਨ ਵਰਤ ਤੇ ਬੈਠੇ ਨਿਯੁਕਤੀ ਪੱਤਰਾਂ ਲਈ 411 ਅਸਿਸਟੈਂਟ ਪ੍ਰੋਫੈਸਰਾਂ ਨੂੰ ਰਾਤ ਨੂੰ ਥਾਣਿਆਂ 'ਚ ਡੱਕਣਾ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ




ਪਿਛਲੇ ਐਤਵਾਰ 24 ਨਵੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬਰੇਰੀਅਨ ਦੀ ਭਰਤੀ ਚੋਂ ਨਿਯੁਕਤੀ ਪੱਤਰਾਂ ਤੋਂ ਵਾਂਝੇ ਸਿਲੈਕਟ ਉਮੀਦਵਾਰ ਰੋਸ ਪ੍ਰਗਟ ਕਰਦੇ ਹੋਇਆਂ ਦੀ ਪੁਲਿਸ ਵਲੋਂ ਧੱਕਾ ਮੁੱਕੀ, ਖਿੱਚ-ਧੂਹ ਵਿੱਚ ਕਈ ਲੜਕੀਆਂ ਅਤੇ ਲੜਕੇ ਬੇਹੋਸ਼ ਹੋ ਗਏ ਸੀ।ਸੋਮਵਾਰ ਦੀ ਪੈਨਲ ਮੀਟਿੰਗ ਵਿੱਚ ਅਗਲੀ ਮੀਟਿੰਗ ਫਿਰ ਅਗਲੇ 2 ਨਵੰਬਰ ਸੋਮਵਾਰ ਨੂੰ ਮਿਲੀ ਪਰ ਸਰਕਾਰ ਨੇ ਮੀਟਿੰਗ ਨਹੀਂ ਕੀਤੀ ਤਾਂ ਅਗਲੇ ਦਿਨ ਮੰਗਲਵਾਰ ਨੂੰ ਐਲਾਨੇ ਮਰਨ ਮਰਤ ਨੂੰ ਤਿੰਨ ਸਾਥੀਆਂ ਨੇ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਸਾਹਮਣੇ ਮਰਨ ਵਰਤ ਉੱਪਰ ਬੈਠ ਕੇ ਆਪਣੀਆਂ ਮੰਗਾਂ ਨਾ ਪੂਰੀਆਂ ਹੋਣ ਤੱਕ ਨਿਯੁਕਤੀ ਜਾਂ ਕੱਫਣ ਦੀ ਮੰਗ ਕੀਤੀ ।ਸਰਕਾਰ ਲਈ ਸ਼ਰਮ ਦੀ ਗੱਲ ਇਹ ਹੈ ਮਾਣਯੋਗ ਹਾਈ ਕੋਰਟ ਦੇ ਡਬਲ ਬੈਂਚ ਦੇ ਭਰਤੀ ਜਾਇਜ਼ ਹੋਣ ਦੇ ਆਏ ਫੈਸਲੇ ਨੂੰ ਲਾਗੂ ਕਰਨ ਲਈ ਦੋ ਮਹੀਨਿਆਂ ਤੋਂ ਟਾਲ ਰਹੀ ਹੈ ਜੋ ਕਿ ਨਿਆਂ ਪਾਲਿਕਾ ਦੀ ਤੌਹੀਨ ਹੀ ਹੈ ।ਸਗੋਂ ਮੁੱਢਲੇ ਹੱਕਾਂ ਨੂੰ ਕੁੱਚਲਣ ਲਈ ਨਵੀਆਂ ਪੈੜ੍ਹਾਂ ਪਾ ਰਹੀ ਹੈ ਕਿਉਂ ਕਿ ਰਾਤ ਨੂੰ ਉਸੀ ਦਿਨ ਤਿੰਨਾਂ ਸਾਥੀਆਂ ਅਤੇ ਧਰਨੇ ਤੇ ਬੈਠੇ ਸਾਥੀਆਂ ਨੂੰ ਵੱਖ-ਵੱਖ ਥਾਣਿਆਂ 'ਚ ਚੁੱਕ ਕੇ ਡੱਕ ਦਿੱਤਾ , ਲੜਕੀਆਂ ਨੂੰ ਵੀ ਨਹੀਂ ਬਖਸ਼ਿਆ ਉਨ੍ਹਾਂ ਨੂੰ ਵੀ ਵੱਖਰੇ ਥਾਣੇ ਵਿੱਚ ਰਾਤ ਨੂੰ ਡੱਕ ਦਿੱਤਾ । ਕਿਸਾਨ ਯੂਨੀਅਨ ਰਾਤ ਨੂੰ ਹਮਾਇਤ 'ਚ ਪਹੁੰਚੀ ਪਰ ਜਮਹੂਰੀਅਤ ਦੇ ਘਾਣ ਦੀ ਇਸ ਸਰਕਾਰ ਵਲੋਂ ਹੱਦ ਹੀ ਮੁਕਾ ਦਿੱਤੀ ਜਿਹੜੀ ਸਰਕਾਰ ਕਹਿੰਦੀ ਸੀ ਕਿ ਧੀ ,ਭੈਣ ਦੀ ਚੁੰਨੀ ਨਹੀਂ ਰੁਲੇਗੀ , ਧਰਨੇ, ਟੈਂਕੀਆਂ ਉੱਪਰ ਚੜ੍ਹਨ ਲਈ ਮਜਬੂਰ ਨਹੀਂ ਕੀਤਾ ਜਾਵੇਗਾ । ਹੁਣ ਚੁੰਨੀਆਂ ਅਤੇ ਪੱਗਾਂ ਲੱਥਣਾ , ਥਾਣਿਆਂ 'ਚ ਡੱਕਣਾ ਉਹ ਵੀ ਰਾਤ ਦੇ ਸਮੇਂ ਆਮ ਹੋ ਗਿਆ ।ਪਹਿਲਾਂ ਵੀ ਇਹ ਸਾਥੀ ਥਾਣਿਆਂ 'ਚ ਜਾ ਚੁੱਕੇ ਹਨ , ਪਰ ਕੋਈ ਅਜੇ ਤੱਕ ਸਰਕਾਰ ਨੇ ਨਿਯੁਕਤੀ ਪੱਤਰ ਦੇਣ ਦੀ ਪ੍ਰਕ੍ਰਿਆ ਸੁਰੂ ਹੀ ਨਹੀਂ ਕੀਤੀ ਜਦੋਂ ਕਿ ਪਹਿਲਾਂ ਕੋਰਟ ਦੀ ਸਟੇਅ ਦਾ ਬਹਾਨਾ ਬਣਾਇਆ ਜਾਂਦਾ ਸੀ ਹੁਣ ਸਾਰਾ ਕੁਝ ਸਿਲੈਕਟ ਉਮੀਦਵਾਰਾਂ ਦੇ ਹੱਕ 'ਚ ਹੋ ਗਿਆ ਜਦੋਂ ਕਿ ਇਨ੍ਹਾਂ ਕਮੇਟੀਆਂ ਦੇ ਹੀ ਸਿਲੈਕਟ ਕੀਤੇ ਉਮੀਦਵਾਰਾਂ ਨੂੰ ਕਾਲਜਾਂ 'ਚ ਹਾਜ਼ਰ ਕਰਵਾ ਲਿਆ ਹੈ ।ਇਹ ਦੋਗਲੀ ਨੀਤੀ ਸਰਕਾਰ ਕਿਉਂ ਵਰਤਨ ਲਈ ਮਜਬੂਰ ਹੈ ਸਮਝ ਤੋਂ ਬਾਹਰ ਹੈ ।

ਪਿਛਲੇ ਸਮੇਂ ਤੋਂ ਇਨ੍ਹਾਂ ਦੀ ਹਮਾਇਤ ਵਿੱਚ ਬਹੁਤ ਸਾਰੀਆਂ ਜੁਝਾਰੂ ਜਥੇਬੰਦੀਆਂ ਸਾਹਮਣੇ ਆਉਣ ਤੇ ਵੀ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ । ਵਿਧਾਨ ਸਭਾ 'ਚ ਵਿਰੋਧੀ ਧਿਰ ਵਲੋਂ ਵਿਚਰ ਰਹੀ ਪਾਰਟੀ ਵੀ ਚੁੱਪ ਹੈ ਇਸ ਗੰਭੀਰ ਮਸਲੇ ਸਬੰਧੀ ਉਸ ਨੂੰ ਵੀ ਆਵਾਜ਼ ਉਠਾਉਣੀ ਚਾਹੀਦੀ ਕਿਉਂ ਕਿ ਇਹ ਭਰਤੀ ਕਾਂਗਰਸ ਰਾਜ ਸਮੇਂ ਸ੍ਰ. ਪਰਗਟ ਸਿੰਘ ਉਚੇਰੀ ਸਿੱਖਿਆ ਮੰਤਰੀ ਹੋਣ ਸਮੇਂ ਦੀ ਹੈ ।ਸਾਬਕਾ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਅਤੇ ਸ੍ਰ. ਪਰਗਟ ਸਿੰਘ ਨੂੰ ਉੱਚ ਪੱਧਰ ਉੱਪਰ ਮੀਟਿੰਗ ਆਪ ਕਰਕੇ ਜਾਂ ਯੂਨੀਅਨ ਦੀ ਮੀਟਿੰਗ ਕਰਵਾਕੇ ਇਸ ਮਸਲੇ ਨੂੰ ਹੱਲ ਕਰਵਾਉਣਾ ਚਾਹੀਦਾ ਹੈ । ਸਰਕਾਰੀ-ਤੰਤਰ ਦਾ ਇਹ ਇਸ ਤਰ੍ਹਾਂ ਉੱਚ ਯੋਗਤਾ ਪ੍ਰਾਪਤਾਂ ਨਾਲ ਦੁਰਵਿਵਹਾਰ ਲੋਕਤੰਤਰ ਦੇਸ਼ ਦੇ ਹੋਣ ਦੀ ਤੌਹੀਨ ਹੈ ।ਸਾਡੇ ਸੰਵਿਧਾਨ ਅੰਦਰ ਹਰੇਕ ਨੂੰ ਆਪਣੇ ਹੱਕਾਂ ਲਈ ਸਰਕਾਰ ਤੱਕ ਆਵਾਜ਼ ਪਹੁੰਚਾਉਣ ਦਾ ਅਧਿਕਾਰ ਹੈ । ਸਰਕਾਰ ਨੂੰ ਧਰਨੇ, ਮੁਜਾਹਰਿਆਂ , ਰੈਲੀਆਂ ਤੋਂ ਬਚਣ ਲਈ ਗੱਲਬਾਤ ਨੂੰ ਤਰਜੀਹ ਦੇਣੀ ਚਾਹੀਦੀ ਹੈ । ਤਕਰੀਬਨ ਦੋ ਮਹੀਨੇ ਤੋਂ ਸਰਕਾਰ ਦੇ ਦਰਬਾਰ ਅੱਗੇ ਪੰਜਾਬ ਸਰਕਾਰ ਯੋਗਤਾ ਪ੍ਰਾਪਤ ਬੇਰੁਜਗਾਰਾਂ ਨੂੰ ਸਬੰਧਤ ਨੌਕਰੀ ਦੇ ਮਾਮਲੇ 'ਚ ਮੀਟਿੰਗ ਦੇਣ ਦੀ ਬਜਾਇ ਪ੍ਰੋਟੈਸਟ ਕਰਨ ਲਈ ਹੀ ਮਜਬੂਰ ਕਰਨ ਵਾਲੀ ਲੀਹ ਉੱਪਰ ਚਲ ਰਹੀ ਹੈ ਜਦੋਂ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਇਹੀ ਨੇਤਾ ਸਾਰੇ ਮਸਲੇ ਗੱਲਬਾਤ ਨਾਲ ਹੱਲ ਕਰਨ ਦੀਆਂ ਗੱਲਾਂ ਕਰਦੇ ਸੀ । ਇਹ ਤਾਂ ਪੁਰਾਣੀ ਪ੍ਰੰਪਰਾ ਹੈ ਕਿ ਚੋਣਾਂ ਤੋਂ ਬਾਅਦ ਇਹ ਸਭ ਕੁਝ ਭੁੱਲਦੇ ਆਏ ਹਨ ,ਇਹ ਕੋਈ ਨਵੀਂ ਗੱਲ ਨਹੀਂ , ਨਵੀਂ ਪਾਰਟੀ ਵਜੋਂ ਉੱਭਰੀ ਇਸ ਸਰਕਾਰ ਨੇ ਲੋਕਾਂ ਦਾ ਇਹ ਭਰਮ ਵੀ ਤੋੜ ਦਿੱਤਾ । ਪਿਛਲੇ ਦਿਨਾਂ ਤੋਂ ਤਕਰੀਬਨ ਸਿਲੈਕਟ ਹੋਏ 411 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬਰੇਰੀਅਨ ਜੋ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਹਨ ਉਹ ਜਿਮਨੀ ਚੋਣ ਵਾਲੇ ਹਲਕਿਆਂ ਵਿੱਚ ਆਪਣੀ ਆਵਾਜ਼ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਰੋਸ ਧਰਨੇ,ਰੈਲੀਆਂ ਆਦਿ ਕਰਕੇ ਰੋਸ ਜਾਹਿਰ ਕਰ ਰਹੇ ਹਨ ।ਗਿਦੜਬਾਹਾ ਵਿਖੇ ਰੋਸ ਲਈ ਪਹੁੰਚਣ ਵਾਲੇ ਅੰਮ੍ਰਿਤਸਰ ਇਲਾਕੇ ਦੇ ਸਾਥੀ ਅਚਾਨਕ ਰਸਤੇ 'ਚ ਐਕਸੀਡੈਂਟ ਹੋਣ ਕਾਰਨ ਬੁਰੀ ਤਰ੍ਹਾਂ ਫਟੜ ਹੋ ਗਏ ਪਰ ਸਰਕਾਰ ਨੇ ਹਮਦਰਦੀ ਵਜੋਂ ਦੋ ਸ਼ਬਦ ਕਹਿਣਾ ਜਾਂ ਸਰਕਾਰ ਵਲੋਂ ਜਾਂ ਪਾਰਟੀ ਵਲੋਂ ਫੱਟੜਾਂ ਦੀ ਕੋਈ ਸਾਰ ਲੈਣਾ ਜਰੂਰੀ ਨਹੀਂ ਸਮਝਿਆ ਹੈ ਜਦੋਂ ਕਿ ਪੰਜਾਬੀ ਤਾਂ ਹੋਰਾਂ ਰਾਜਾਂ ਦੇ ਵਸਨੀਕਾਂ ਨਾਲ ਰਾਜ 'ਚ ਇਸ ਤਰ੍ਹਾਂ ਵਾਪਰੇ ਹਾਦਸਿਆਂ ਸਮੇਂ ਤਨ , ਮਨ ,ਧਨ ਨਾਲ ਸੇਵਾ ਕਰਦੇ ਰਹਿੰਦੇ ਹਨ । ਉਂਝ ਸਰਕਾਰ ਆਮ ਆਦਮੀ ਦੀ ਹੈ ।ਇਹ ਸਰਕਾਰ ਲਈ ਸ਼ਰਮ ਦੀ ਗੱਲ ਹੈ ।ਸਰਕਾਰ ਨੂੰ ਪੰਜਾਬ ਦੇ ਸੁਝਵਾਨ ਸਿੱਖਿਆ ਸਾਸਤਰੀ , ਨਾਮਵਰ ਲੇਖਕ , ਵਿਦਵਾਨ , ਆਦਿ ਵੀ ਨਿਯੁਕਤੀ ਪੱਤਰ ਤੁਰੰਤ ਦੇਣ ਦੀ ਅਪੀਲ ਕਰ ਚੁੱਕੇ ਹਨ ।ਪਰ ਸਰਕਾਰ ਉੱਪਰ ਕੋਈ ਅਸਰ ਨਹੀਂ ਹੋਇਆ ਲੱਗਦਾ ।

ਪਰ ਪਿਛਲੇ ਕਈ ਸਾਲਾਂ ਤੋਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬਰੇਰੀਅਨ ਦੀ ਭਰਤੀ ਜੋ ਉੱਚ ਅਦਾਲਤ ਦੀ ਰੋਕ ਕਾਰਨ ਅਤੇ ਭਰਤੀ ਰੱਦ ਕਾਰਨ ਦੇ ਫੈਸ਼ਲੇ ਕਾਰਨ ਰੁੱਕੀ ਪਈ ਸੀ ਮਾਣਯੋਗ ਹਾਈ ਕੋਰਟ ਦੇ ਡਬਲ ਬੈਂਚ ਨੇ 4 ਅਕਤੂਬਰ 2024 ਨੂੰ ਡਿਟੇਲਿਡ ਫੈਸਲਾ ਜਾਰੀ ਕਰਕੇ ਸਿੰਗਲ ਬੈਂਚ ਦੇ ਫੈਸ਼ਲੇ ਨੂੰ ਰੱਦ ਕਰਕੇ ਭਰਤੀ ਪ੍ਰਕ੍ਰਿਆ ਨੂੰ ਤਾਜ਼ਾ ਫੈਸਲੇ ਰਾਹੀਂ ਬਹਾਲ ਕਰਕੇ ਹਰੀ ਝੰਡੀ ਦੇਣ ਨਾਲ ਨਿਯੁਕਤੀ ਲਈ ਰਾਹ ਪੱਧਰਾ ਕਰ ਦਿੱਤਾ ਪਰ ਉਹ ਵੀ ਪੂਰਾ ਨਹੀਂ ਹੋ ਰਿਹਾ ।ਮਹਿਕਮੇ ਵਲੋਂ ਪੰਜਾਬੀ ਦੇ 142 , ਹਿੰਦੀ ਦੇ 30 ਅਤੇ ਅੰਗਰੇਜ਼ੀ ਦੇ 154 , ਭੂਗੋਲ ਦੇ 15 , ਐਜੂਕੇਸ਼ਨ ਵਿਸ਼ੇ ਦੇ 03 ਉਮੀਦਵਾਰਾਂ ਅਤੇ 67 ਲਾਇਬਰੇਰੀਅਨ ਨੂੰ ਛੱਡ ਕੇ ਤਕਰੀਬਨ ਬਾਕੀ ਵਿਸ਼ਿਆਂ ਦੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਤਾਂ ਦੇ ਦਿੱਤੇ ਹਨ ਜੋ ਕਾਲਜਾਂ ਵਿੱਚ ਹਾਜ਼ਰ ਹੋ ਚੁੱਕੇ ਹਨ ਜੋ ਤਨਖਾਹਾਂ ਲੈ ਰਹੇ ਹਨ । ਬਾਕੀ ਬਚੇ 411 ਉਮੀਦਵਾਰਾਂ ਸਬੰਧੀ ਨਿਯੁਕਤੀ ਪੱਤਰ ਦੇਣ ਦੀ ਪ੍ਰਕ੍ਰਿਆ ਬਾਰੇ ਕੋਈ ਸਹੀ ਜਾਣਕਾਰੀ ਮਹਿਕਮਾ ਨਹੀਂ ਦੇ ਰਿਹਾ । ਇਸ ਤਰ੍ਹਾਂ ਇਹ ਸਿਲੈਕਟਿਡ ਉਮੀਦਵਾਰ ਵਿਤਕਰੇ ਦੇ ਸਿਕਾਰ ਤਾਂ ਹੋ ਹੀ ਰਹੇ ਹਨ ਸਗੋਂ ਇਨ੍ਹਾਂ ਦਾ ਭਵਿੱਖ ਵੀ ਧੁੰਦਲਾ ਨਜ਼ਰ ਆਉਂਦਾ ਦਿਖਾਈ ਦੇ ਰਿਹਾ ਹੈ ।ਇਸ ਤਰ੍ਹਾਂ ਇਨ੍ਹਾਂ ਉਮੀਦਵਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਨਜ਼ਰ ਆ ਰਿਹਾ ਹੈ । ਪਿਛਲੀ ਸਰਕਾਰ ਵੇਲੇ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬਰੇਰੀਅਨ ਦੀ ਭਰਤੀ ' ਚੋਂ ਤਕਰੀਬਨ ਸਿਲੈਕਟ ਹੋਏ 600 ਤੋਂ ਵੱਧ ਉਮੀਦਵਾਰ ਕਾਲਜਾਂ ਵਿੱਚ ਹਾਜ਼ਰੀ ਦੇ ਚੁੱਕੇ ਹਨ । ਹੁਣ ਤਕਰੀਬਨ ਸਿਲੈਕਟ ਹੋਏ 411 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬਰੇਰੀਅਨ ਪਿਛਲੇ ਡੇਢ ਮਹੀਨੇ ਤੋਂ ਉੱਚ ਅਧਿਕਾਰੀਆਂ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕਰਦੇ ਆ ਰਹੇ ਹਨ ਜਿਨ੍ਹਾਂ ਵਲੋਂ ਨਿਯੁਕਤੀ ਪੱਤਰ ਦੇਣ ਸਬੰਧੀ ਕੋਈ ਠੋਸ ਸਮਾਂ ਬੱਧ ਜਵਾਬ ਨਹੀਂ ਮਿਲ ਰਿਹਾ ।

ਪੰਜਾਬ ਅੰਦਰ ਲੰਬੇ ਸਮੇਂ ਤੋਂ ਉਚੇਰੀ ਸਿੱਖਿਆ ਦੇ ਗਿਰ ਚੁੱਕੇ ਮਿਆਰ ਨੇ ਸਰਕਾਰ ਲਈ ਚੁਣੌਤੀ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ ਜੋ ਕਿ ਨਵੀਂ ਸਰਕਾਰ ਦਾ ਪ੍ਰਾਥਮਿਕ ਅਹਿਮ ਸੁਧਾਰ ਦਾ ਮੁੱਦਾ ਸੀ । ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ , ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ ।ਮੌਜੂਦਾ ਸਮੇਂ ਦੌਰਾਨ ਕਰੀਬ 63 ਸ਼ਰਕਾਰੀ ਕਾਲਜ ਸੂਬੇ ਅੰਦਰ ਚਲ ਰਹੇ ਹਨ ।ਇੱਕ ਖਬਰ ਮੁਤਾਬਕ ਇਨ੍ਹਾਂ ਕਾਲਜਾਂ ਵਿੱਚ 1990 ਵਿੱਚ ਪ੍ਰੋਫੈਸਰਾਂ ਦੀਆਂ 1873 ਰੈਗੂਲਰ ਆਸਾਮੀਆਂ ਮਨਜੂਰ ਸਨ । ਸਮੇਂ ਦੀਆਂ ਸਰਕਾਰਾਂ ਨੇ ਨਵੇਂ ਕਾਲਜ ਤਾਂ ਹੋਰ ਕਈ ਵਾਰ ਖੋਲ੍ਹ ਦਿੱਤੇ ਪਰ ਪੋਸਟਾਂ ਨਵੀਆਂ ਨਹੀਂ ਦਿੱਤੀਆਂ ।ਪਿਛਲੇ ਲੰਬੇ ਸਮੇਂ ਤੋਂ 1500 ਦੇ ਕਰੀਬ ਆਸਾਮੀਆਂ ਖਾਲੀ ਪਈਆਂ ਹਨ ।ਅਗਲੇ ਕੁਝ ਸਾਲਾਂ ਦੌਰਾਨ ਜੋ ਪੱਕੇ ਪ੍ਰੋਫੈਸਰ ਹਨ ਉਹ ਵੀ ਸੇਵਾ ਮੁਕਤ ਹੋਣ ਜਾ ਰਹੇ ਹਨ । ਇਨ੍ਹਾਂ ਕਾਲਜਾਂ ਵਿੱਚ ਬਹੁਤੇ ਗੈਸਟ ਫੈਕਲਟੀ , ਪਾਰਟ ਟਾਈਮ ਅਤੇ ਠੇਕੇ ਉੱਪਰ ਰੱਖੇ ਅਧਿਆਪਕ ਹੀ ਹੁਣ ਕਾਲਜਾਂ ਨੂੰ ਚਲਾ ਰਹੇ ਹਨ । ਇਨ੍ਹਾਂ ਵਿੱਚੋਂ ਬਹੁਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾ ਵੀ ਪੂਰੀ ਨਹੀਂ ਕਰਦੇ ।ਇਸ ਤਰ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ ਜਦੋਂ ਤੱਕ ਬਾਕੀ ਰਹਿੰਦੇ 411 ਅਸਿਸਟੈਂਟ ਪ੍ਰੋਫੈਸਰ ਨੂੰ ਨਿਯੁਕਤੀ ਪੱਤਰ ਦੇ ਕੇ ਕਾਲਜਾਂ ਵਿੱਚ ਨਹੀਂ ਭੇਜਿਆਂ ਜਾਂਦਾ ।ਇਹ ਨਿਯੁਕਤੀ ਪੱਤਰ ਦੇਣ 'ਚ ਦੇਰੀ ਕਰਨ ਦਾ ਕੋਈ ਠੋਸ ਕਾਰਨ ਸਾਹਮਣੇ ਨਹੀਂ ਆ ਰਿਹਾ । ਆਪਣੀ ਕਾਲਜਾਂ 'ਚ ਹਾਜ਼ਰੀ ਦੇਣ ਵਾਲੇ ਦਿਨ ਨੂੰ ਬੇਸਬਰੀ ਨਾਲ ਉਡੀਕ ਰਹੇ ਉਮੀਦਵਾਰਾਂ ਦੀ ਸਥਿਤੀ ਬੜੀ ਹੀ ਚਿੰਤਾਜਨਕ ਵਾਲੀ ਬਣੀ ਹੋਈ ਹੈ । ਇਸ ਮਾਮਲੇ 'ਚ ਮਾਣਯੋਗ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨੂੰ ਦਖਲ਼ ਦੇ ਕੇ ਆ ਰਹੀਆਂ ਦਿੱਕਤਾਂ ਦਾ ਤੁਰੰਤ ਹੱਲ ਕੱਢ ਕੇ ਇਸ ਨੂੰ ਸਮਾਂ ਬੱਧ ਸਮੇਂ ਅੰਦਰ ਨਿਯੁਕਤੀ ਪੱਤਰ ਦੇਣ ਲਈ ਨਿਰਦੇਸ਼ ਦੇ ਕੇ ਮੁਫਤ ਦੀ ਵਾਹਵਾ ਵਾਹਵਾ ਖਟ ਲੈਣੀ ਚਾਹੀਦੀ ਹੈ । ਜੇ ਸਰਕਾਰ ਚਾਹੇ ਤਾਂ ਇਹ ਕੰਮ ਦੋ ਦਿਨਾਂ 'ਚ ਵੀ ਹੋ ਸਕਦਾ ਹੈ ।ਸਿਰਫ ਹੁਣ ਲੋੜ ਹੈ ਸਰਕਾਰ ਨੂੰ ਥਾਣਿਆਂ 'ਚ ਡੱਕਣ ਦੀ ਥਾਂ ਆਰਡਰ ਦੇਣ ਦੀ ਪ੍ਰਕ੍ਰਿਆ ਨੂੰ ਤੇਜ਼ੀ ਨਾਲ ਤੁਰੰਤ ਪੂਰੀ ਕਰ ਕੇ ਆਪਣੀ ਵਧੀਆ ਕਾਰਗੁਜ਼ਾਰੀ ਦੀ ਲੋਕਾਂ ਸਾਹਮਣੇ ਮਿਸਾਲ ਪੈਦਾ ਕਰੇ ਤਾਂ ਜੋ ਕੋਰਟ ਦੇ ਚੱਕਰਾਂ ਤੋਂ ਬਚਿਆ ਜਾ ਸਕੇ ।

## ਵੀਲ੍ਹ ਚੇਅਰ/ਫਹੁੜੀ



ਲੋਕਾਂ ਦਿਆਂ ਤਾਹਨਿਆਂ ਨੂੰ, ਸਹਿਣਾ ਬਹੁਤ ਔਖਾ ਹੈ ,

ਕਿੰਨਾ ਸੌਖਾ ਹੁੰਦਾ ਲੋਕਾਂ ਲਈ, ਮਜ਼ਾਕ ਨਾਲ ਕਹਿ ਦੇਣਾ,

ਅੰਨ੍ਹਾ,ਕਾਣਾ, ਲੰਗੜ੍ਹਾ ਕਹਿ, ਇੱਕ ਰਗ ਨੂੰ ਵਧਾ ਦੇਣਾ,

ਮੱਲ੍ਹਮਾਂ ਦੀ ਥਾਂ ਤੇ ਰਹਿੰਦੇ, ਨਿੱਤ ਜ਼ਖ਼ਮ ਉਧੇੜ ਦੇ,

ਕੰਡੇ ਕਿਉਂ ਵਿਛਾਉਂਦੇ ਰਾਹੀਂ, ਜ਼ਿੰਦਗੀ ਹਨੇਰ ਦੇ ,

ਸੋਚਿਆ ਕਦੇ ਕੀ ਸਾਡੇ ਦਿਲ ਤੇ ਹੋਊ ਬੀਤ ਦੀ,

ਕੌੜਿਆਂ ਬੋਲਾਂ ਨਾਲ ਸਾਡੀ, ਰੂਹ ਕਿਵੇਂ ਚੀਕਦੀ,

ਨਫ਼ਰਤ ਨਹੀਂ ਮੰਗਦੇ, ਪਿਆਰ ਥੋੜ੍ਹਾ ਦੇ ਦਿਓ

ਪ੍ਰਿੰਸ ਦੀ ਝੋਲੀ ਵਿੱਚ,ਲੱਪ ਖੁਸ਼ੀਆਂ ਦੀ ਪਾ ਦਿਓ,

ਮੇਰਾ ਨਹੀਂ ਕਸੂਰ , ਨਾ ਹੀ ਖੇਡ ਕੋਈ ਨਸੀਬਾਂ ਦਾ,

ਸਾਨੂੰ ਤਾਂ ਦਿਮਾਗ, ਸਾਡੇ ਖਾ ਗਿਆ ਤਬੀਬਾਂ ਦਾ,

ਖਾ ਗਿਆ ਦਿਮਾਗ ਸਾਨੂੰ,ਸਾਡਿਆਂ ਤਬੀਬਾਂ ਦਾ,

ਫਾਹੜ੍ਹੀਆਂ ਤੇ ਵੀਲ੍ਹ ਚੇਅਰ,ਬਹਿਣਾ ਕਿਹੜਾ ਸੌਖਾ ਹੈ,

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

## ਫਲ਼ ਪਕਾ ਕੇ ਹੀ ਛਕਣੇ ਚਾਹੀਦੇ ਹਨ



ਵਰਲਡ ਪੰਜਾਬੀ ਟਾਈਮਜ਼
ਠਾਕੁਰ ਦਲੀਪ ਸਿੰਘ

ਭਾਰਤ ਵਿੱਚ ਮਹਿੰਗੀਆਂ ਦੁਕਾਨਾਂ ਤੋਂ ਮਹਿੰਗੇ ਫਲ਼ ਖਰੀਦਣ ਵਾਲੇ ਸੱਜਣ ਅਤੇ ਇੰਗਲੈਂਡ, ਅਮਰੀਕਾ, ਕਨੇਡਾ, ਆਸਟਰੇਲੀਆ, ਯੂਰਪ ਆਦਿ ਵਿਕਸਿਤ ਅਮੀਰ ਦੇਸ਼ਾਂ ਵਿੱਚ ਰਹਿਣ ਵਾਲੇ ਸੱਜਣੋ! ਫਲ਼ ਖਾਣ ਦੀ ਜਾਚ ਸਿੱਖੋ। ਵਿਕਸਿਤ ਅਮੀਰ ਦੇਸ਼ਾਂ ਵਿੱਚ ਰਹਿੰਦਿਆਂ, ਤੁਹਾਡੇ ਕੋਲ ਪੈਸੇ ਦੀ ਕਮੀ ਨਹੀਂ ਹੁੰਦੀ ਅਤੇ ਸਾਰੇ ਸੰਸਾਰ ਦੇ ਫਲ਼, ਤੁਹਾਨੂੰ ਆਮ ਤੌਰ ਉੱਤੇ ਸਾਰਾ ਸਾਲ ਹੀ ਮਿਲਦੇ ਰਹਿੰਦੇ ਹਨ। ਜੋ ਫਲ਼ ਤੁਸੀਂ ਵੱਡੇ ਸਟੋਰਾਂ ਤੋਂ ਲਿਆ ਕੇ ਛਕਦੇ ਹੋ, ਇਹ ਫਲ਼ ਆਮ ਤੌਰ ਉੱਤੇ ਕੱਚੇ ਹੁੰਦੇ ਹਨ। ਇਹਨਾਂ ਫਲਾਂ ਦਾ ਜੇ ਤੁਸੀਂ ਅਸਲੀ ਸਵਾਦ ਲੈਣਾ ਹੈ, ਤਾਂ ਇਹਨਾਂ ਫਲਾਂ ਨੂੰ ਆਪਣੇ ਘਰ ਵਿੱਚ ਲਿਆ ਕੇ ਕਈ ਦਿਨ ਵਾਸਤੇ ਫਰਿਜ ਤੋਂ ਬਾਹਰ ਹੀ ਰੱਖ ਛੱਡੋ; ਘੱਟੋ ਘੱਟ ਚਾਰ ਪੰਜ ਦਿਨ, ਅੱਵਲ ਤਾਂ ਹਫਤਾ-ਦਸ ਦਿਨ ਰੱਖੋ। ਉਸ ਤੋਂ ਉਪਰੰਤ ਇਹਨਾਂ ਫਲਾਂ ਨੂੰ ਛਕੋ। ਆਪ ਜੀ ਨੂੰ ਆਪ ਹੀ ਪਤਾ ਲੱਗੇਗਾ ਕਿ ਇਹ ਫਲ਼, ਜਿਸ ਦਿਨ ਸਟੋਰ ਤੋਂ ਲਿਆਂਦੇ ਸਨ, ਉਸ ਦਿਨ ਨਾਲੋਂ ਕਿਤਨੇ ਵੱਧ ਸਵਾਦਿਸ਼ਟ ਹੋ ਗਏ ਹਨ: "ਸਹਿਜ ਪੱਕੇ, ਸੋ ਮੀਠਾ ਹੋਏ"। ਕਿਉਂਕਿ, ਸਟੋਰ ਤੋਂ ਲਿਆਂਦੇ ਹੋਏ ਫਲ਼ ਤਾਂ ਕੱਚੇ ਹੁੰਦੇ ਹਨ; ਘਰ ਵਿੱਚ ਲਿਆ ਕੇ ਜੇ ਫਰਿਜ ਵਿੱਚ ਰੱਖ ਦੇਈਏ, ਤਾਂ ਵੀ ਇਹ ਪੱਕਦੇ ਨਹੀਂ। ਇਸ ਕਰਕੇ, ਜੇ ਇਹਨਾਂ ਫਲਾਂ ਨੂੰ ਫਰਿੱਜ ਤੋਂ ਬਾਹਰ ਰੱਖਿਆ ਜਾਵੇ, ਤਾਂ ਹੀ ਪੱਕਦੇ ਹਨ। ਪੱਕਣ ਉਪਰੰਤ, ਫਲਾਂ ਨੂੰ ਫਰਿੱਜ ਵਿੱਚ ਰੱਖ ਸਕਦੇ ਹੋ।

ਵੱਖੋ ਵੱਖਰੇ ਪ੍ਰਕਾਰ ਦੇ ਫਲ਼, ਪੱਕਣ ਲਈ ਵੱਖੋ ਵੱਖਰੀ ਹਾਲਤ ਵਿੱਚ, ਵੱਖਰੇ ਵੱਖਰੇ ਤਾਪਮਾਨ ਵਿੱਚ, ਵੱਖਰਾ ਵੱਖਰਾ ਸਮਾਂ ਲਾਉਂਦੇ ਹਨ। ਇਸ ਕਰਕੇ, ਇੱਕ ਅੰਦਾਜ਼ਾ ਆਪ ਜੀ ਨੂੰ ਦੱਸਿਆ ਹੈ ਕਿ ਚਾਰ-ਪੰਜ ਦਿਨ ਤੋਂ ਲੈ ਕੇ 15 ਦਿਨ, ਇਹਨਾਂ ਫਲਾਂ ਨੂੰ ਜੇ ਤੁਸੀਂ ਫਰਿਜ ਤੋਂ ਬਾਹਰ ਰੱਖ ਕੇ ਛਕੋਗੇ, ਤਾਂ ਆਪ ਜੀ ਨੂੰ ਫਲਾਂ ਦਾ ਸਵਾਦ ਅਤੇ ਆਨੰਦ ਬਹੁਤਾ ਆਏਗਾ ਅਤੇ ਸਰੀਰ ਨੂੰ ਲਾਭ ਵੀ ਵੱਧ ਹੋਵੇਗਾ। ਪੈਸੇ ਤਾਂ ਤੁਹਾਡੇ ਉਤਨੇ ਹੀ ਲੱਗਣੇ ਹਨ, ਜਿਤਨੇ ਤੁਸੀਂ ਪਹਿਲੋਂ ਕੱਚੇ, ਬੇਸਵਾਦ ਫਲਾਂ ਉੱਪਰ ਲਾ ਰਹੇ ਹੋ। ਪਰ, ਤੁਹਾਨੂੰ ਇਹਨਾਂ ਫਲਾਂ ਨੂੰ ਆਪਣੇ ਘਰ ਵਿੱਚ ਕੁਝ ਦਿਨ ਰੱਖ ਕੇ ਛਕਣ ਨਾਲ਼, ਉਤਨੇ ਪੈਸਿਆਂ ਵਿੱਚ ਹੀ ਕਈ ਗੁਣਾਂ ਬਹੁਤਾ ਸਵਾਦ ਆਏਗਾ। ਕਿਉਂਕਿ, ਫਲ਼ ਪਏ ਪਏ ਪੱਕ ਜਾਂਦੇ ਹਨ ਅਤੇ ਮਿੱਠੇ ਹੋ ਜਾਂਦੇ ਹਨ। ਪ੍ਰੰਤੂ, ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਹਰ ਕਮਰੇ ਦਾ ਤਾਪਮਾਨ ਵੱਖੋ ਵੱਖ ਹੈ, ਹਰ ਫਲ਼ ਪੱਕਣ ਦੀ ਸਥਿਤੀ ਵੱਖੋ ਵੱਖ ਹੈ। ਫਲ਼ ਗਲ਼ ਨਾ ਜਾਣ, ਉੱਲੀ ਨਾ ਲੱਗ ਜਾਵੇ। ਜਦੋਂ ਫਲ਼ ਪੱਕ ਜਾਣ, ਉਦੋਂ ਛਕੇ ਜਾਣ ਜਾਂ ਫਰਿੱਜ ਵਿੱਚ ਰੱਖ ਲਏ ਜਾਣ।

ਕੱਚੇ ਫਲ਼ ਸਬਜੀਆਂ ਨਾਲੋਂ, ਪੱਕੇ ਫਲਾਂ ਦਾ ਕੇਵਲ ਸਵਾਦ ਵਿੱਚ ਹੀ ਫਰਕ ਨਹੀਂ ਹੁੰਦਾ: ਪੱਕਣ ਨਾਲ਼ ਉਨ੍ਹਾਂ ਦੇ ਲਾਭਕਾਰੀ ਤੱਤਾਂ ਵਿੱਚ ਵੀ ਬਹੁਤ ਵਾਧਾ ਹੋ ਜਾਂਦਾ ਹੈ। ਮਿਠਾਸ ਤਾਂ ਵਧਦੀ ਹੀ ਹੈ, ਕੈਂਸਰ ਨਿਰੋਧਕ ਤੱਤ ਵਧਦੇ ਹਨ ਅਤੇ ਵਿਟਾਮਿਨ ਆਦਿ ਹੋਰ ਕਈ ਸੂਖ਼ਮ ਤੱਤ ਵੀ ਵਧ ਕੇ ਬਹੁਤਾ ਗੁਣਕਾਰੀ ਹੋ ਜਾਂਦੇ ਹਨ। ਪੱਕੇ ਹੋਏ ਫਲ਼ ਪੋਲੇ ਹੋਣ ਕਰਕੇ ਪਚਦੇ ਵੀ ਸੌਖੇ ਹਨ। ਕੱਚੇ ਫਲਾਂ ਨਾਲੋਂ ਪੱਕੇ ਫਲ਼ ਸਿਹਤ ਲਈ ਲਾਭਦਾਇਕ ਹਨ।

ਮੁੱਖ ਰੂਪ ਵਿੱਚ ਫਲ਼ ਪੱਕਣ ਦੀ ਪ੍ਰਤੱਖ ਨਿਸ਼ਾਨੀ ਹੈ ਕਿ ਉਹ ਡੰਡੀ ਨਾਲੋਂ ਸੌਖਾ ਟੁੱਟਦਾ ਹੈ। ਜਿਸ ਬਾਰੇ ਗੁਰਬਾਣੀ ਵਿੱਚ ਵੀ ਲਿਖਿਆ ਹੈ "ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ"। ਫਲ਼ ਪੱਕਣ ਨਾਲ ਪੋਲਾ ਹੋ ਜਾਂਦਾ ਹੈ, ਡੰਡੀ ਨਾਲੋਂ ਛੇਤੀ ਟੁੱਟਦਾ ਹੈ ਅਤੇ ਉਸ ਦਾ ਰੰਗ ਬਦਲ ਜਾਂਦਾ ਹੈ। ਕਈ ਫਲਾਂ ਵਿੱਚੋਂ ਇੱਕ ਵਿਸ਼ੇਸ਼ ਪ੍ਰਕਾਰ ਦੀ ਵਾਸ਼ਨਾ ਵੀ ਪੱਕਣ ਕਰਕੇ ਆਉਣ ਲੱਗ ਪੈਂਦੀ ਹੈ ਅਤੇ ਕਈ ਫਲਾਂ ਦੇ ਬਾਹਰਲੇ ਛਿਲਕੇ ਉੱਪਰ ਝੁਰੜੀਆਂ ਪੈ ਜਾਂਦੀਆਂ ਹਨ। 'ਅੰਬ' ਉੱਪਰ ਵੀ ਪੱਕਣ ਨਾਲ ਕਈ ਵਾਰੀ ਝੁਰੜੀਆਂ ਪੈ ਸਕਦੀਆਂ ਹਨ। 'ਕਿਵੀ' ਨਾਮ ਦੇ ਫਲ਼ ਦੇ ਪੱਕਣ ਦੀ ਇਹ ਵਿਸ਼ੇਸ਼ ਨਿਸ਼ਾਨੀ ਹੈ ਕਿ 'ਕਿਵੀ' ਨੂੰ ਜਦੋਂ ਝੁਰੜੀਆਂ ਪੈ ਜਾਣ, ਉਦੋਂ ਉਹ ਸੱਚਮੁੱਚ ਪੱਕ ਚੁੱਕਾ ਹੁੰਦਾ ਹੈ। 'ਕਿਵੀ' ਇੱਕ ਐਸਾ ਫਲ਼ ਹੈ, ਜੋ ਆਮ ਤੌਰ ਉੱਤੇ ਸਟੋਰ ਤੋਂ ਲਿਆਉਣ ਸਮੇਂ ਖੱਟਾ ਹੁੰਦਾ ਹੈ; ਪ੍ਰੰਤੂ ਦਸ-ਕੁ ਦਿਨ ਰੱਖਣ ਉਪਰੰਤ, ਪੱਕ ਕੇ ਬਹੁਤ ਮਿੱਠਾ ਵੀ ਹੋ ਜਾਂਦਾ ਹੈ। ਇਹ ਫਲ਼ ਬੜਾ ਮਹਿੰਗਾ ਹੁੰਦਾ ਹੈ, ਲੋਕ ਇਸ ਨੂੰ ਸਿਹਤ ਲਈ ਬਹੁਤ ਲਾਭਦਾਇਕ ਹੋਣ ਕਰਕੇ: ਬਹੁਤੇ ਪੈਸੇ ਖਰਚ ਕੇ ਵੀ ਖਾਂਦੇ ਹਨ। ਪਰੰਤੂ, ਉਨਾਂ ਨੂੰ ਕਿਵੀ ਖਾਣ ਦਾ ਉਤਨਾ ਲਾਭ ਨਹੀਂ ਪ੍ਰਾਪਤ ਹੁੰਦਾ, ਉਤਨਾ ਸਵਾਦ ਵੀ ਨਹੀਂ ਆਉਂਦਾ, ਜਿਤਨਾ ਕਿ ਆਉਣਾ ਚਾਹੀਦਾ ਹੈ। ਜੇ ਉਸੇ ਕਿਵੀ ਜਾਂ ਕਿਸੇ ਵੀ ਫਲ਼ ਨੂੰ ਕਈ ਦਿਨ ਘਰ ਰੱਖ ਕੇ ਖਾਧਾ ਜਾਵੇ, ਤਾਂ ਉਸ ਫਲ਼ ਦਾ ਉਤਨੇ ਪੈਸਿਆਂ ਵਿੱਚ ਹੀ ਵੱਧ ਸਵਾਦ ਆਵੇਗਾ। ਮੇਰੇ ਇਹਨਾਂ ਸੁਝਾਵਾਂ ਉਤੇ ਅਮਲ ਕਰਕੇ ਵੇਖੋ; ਆਪ ਜੀ ਨੂੰ ਅਵੱਸ਼ ਹੀ ਲਾਭ ਹੋਵੇਗਾ ਅਤੇ ਸਰੀਰ ਨੂੰ ਵੀ ਵੱਧ ਲਾਭ ਮਿਲੇਗਾ।

ਜੋ ਫਲ਼ ਦਰਖਤ ਨਾਲ ਪੱਕ ਕੇ, ਆਪੇ ਟੁੱਟ ਕੇ ਡਿੱਗੇ, ਸਭ ਤੋਂ ਵੱਧ ਲਾਭਦਾਇਕ ਅਤੇ ਸਵਾਦ ਉਹ ਫਲ਼ ਹੀ ਹੁੰਦਾ ਹੈ। ਜਿਸ ਪੱਕੇ ਅੰਬ ਨੂੰ "ਡਾਲ ਦਾ ਪੱਕਿਆ" ਵੀ ਕਹਿੰਦੇ ਸੀ, ਭਾਵ: ਡਾਲੀ/ਟਾਹਣੀ ਦੇ ਨਾਲ਼ ਹੀ ਜਿਹੜਾ ਪੱਕਿਆ ਹੋਵੇ। ਪਰੰਤੂ, ਅਜੋਕੇ ਤੇਜ਼ ਯੁੱਗ ਵਿੱਚ, ਟਾਹਣੀ ਨਾਲ ਫਲਾਂ ਦੇ ਪੱਕਣ ਨੂੰ ਕੋਈ ਉਡੀਕਦਾ ਨਹੀਂ ਅਤੇ ਐਸੇ ਫਲ਼ ਅਸਾਨੂੰ ਮਿਲਣੇ ਸੰਭਵ ਵੀ ਨਹੀਂ। ਜੋ ਮਿਲਦੇ ਹਨ; ਉਹਨਾਂ ਸਬੰਧੀ ਆਪ ਜੀ ਨੂੰ ਦੱਸਿਆ ਹੈ ਕਿ ਇਹ ਫਲ਼ ਆਮ ਤੌਰ ਉੱਤੇ ਕੱਚੇ ਹੁੰਦੇ ਹਨ ਅਤੇ ਕੋਲਡ ਸਟੋਰਾਂ ਵਿੱਚ ਰੱਖ ਕੇ, ਦੂਰ ਦੇ ਦੇਸ਼ਾਂ ਵਿੱਚੋਂ, ਮੌਸਮ ਨਾ ਹੁੰਦਿਆਂ ਵੀ; ਆਪ ਜੀ ਤੱਕ ਪਹੁੰਚਾਏ ਗਏ ਹੁੰਦੇ ਹਨ।

ਇਸ ਲਈ, ਜੋ ਤਰੀਕਾ ਇੱਥੇ ਦੱਸਿਆ ਹੈ, ਫਲਾਂ ਨੂੰ ਇਸ ਤਰੀਕੇ ਨਾਲ ਘਰ ਵਿੱਚ ਕਈ ਦਿਨ ਰੱਖ ਕੇ, ਪਕਾ ਕੇ ਛਕੋ। ਜਿਤਨੇ ਪੈਸੇ ਤੁਸੀਂ ਪਹਿਲਾਂ ਖਰਚਦੇ ਸੀ, ਉਤਨੇ ਪੈਸਿਆਂ ਵਿੱਚ ਹੀ, ਆਪ ਜੀ ਨੂੰ ਕਈ ਗੁਣਾਂ ਬਹੁਤਾ ਸਵਾਦ ਆਵੇਗਾ ਅਤੇ ਸਰੀਰ ਨੂੰ ਲਾਭ ਵੀ ਵੱਧ ਮਿਲੇਗਾ। ਕਰ ਕੇ ਵੇਖੋ।

## ਜ਼ਿੰਦਗੀ ਜਿਉਣ ਦੇ ਜ਼ਜ਼ਬੇ ਨੂੰ ਤੇ ਸਾਥ ਦੇਣ ਵਾਲੇ ਕਦਰਦਾਨਾਂ ਦੀ ਸੋਚ ਨੂੰ ਸਲਾਮ





ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਨਵਨੀਤ ਗੋਪੀ ਜੀ ਨੇ ਸਬੱਬ ਬਣਾਇਆ ਤਾਂ ਮੇਰਾ ਮਿਲਣਾ ਵੀਰ ਨਵਜੀਤ ਸਿੰਘ ਸਿੱਧੂ ਜੀ ਨਾਲ ਹੋਇਆ। ਵੀਰ ਜੀ serve humanity serve god charitable trust ਦੇ ਜਰਨਲ ਸਕੱਤਰ ਹਨ। ਇਹ ਟਰਸੱਟ ਉਨਾਂ ਵੀਰਾਂ ਦੀ ਸੇਵਾ ਕਰ ਰਹੇ ਹਨ, ਜਿੰਨਾਂ ਦੀ ਰੀੜ ਦੀ ਹੱਡੀ ਨੁਕਸਾਨੀ ਜਾਣ ਤੋਂ ਬਾਦ ਉਨਾਂ ਦੀ ਜੀਵਨ ਸ਼ੈਲੀ ਬਿਲਕੁਲ ਹੀ ਬਦਲ ਜਾਂਦੀ ਹੈ। ਵੀਰ ਜੀ ਨੇ ਦੱਸਿਆ ਕਿ ਕਈ ਕੇਸ ਉਨਾਂ ਕੋਲ ਇਸ ਤਰਾਂ ਦੇ ਆਉਂਦੇ ਹਨ ਜਿੰਨਾਂ ਮਰੀਜ਼ਾਂ ਦੇ ਪਰਿਵਾਰ ਵੀ ਇੰਨਾਂ ਦਾ ਸਾਥ ਛੱਡ ਗਏ ਹਨ। ਕਿਉਂਕਿ ਰੀੜ ਦੀ ਹੱਡੀ ਦੇ ਨੁਕਸਾਨੇ ਜਾਣ ਤੋਂ ਬਾਦ ਸ਼ਰੀਰ ਦੇ ਕਈ ਹਿੱਸੇ ਬਿਲਕੁਲ ਹੀ ਚੱਲਣੇ ਬੰਦ ਹੋ ਜਾਂਦੇ ਹਨ ਅਤੇ ਪਰਿਵਾਰ ਵੀ ਸੇਵਾ ਕਰਣ ਤੋਂ ਹੱਥ ਪਿੱਛੇ ਹਟਾ ਲੈਂਦੇ ਹਨ। ਪਰ ਇਹ ਟਰੱਸਟ ਇੰਨਾਂ ਵੀਰਾਂ ਦਾ ਆਸਰਾ ਬਣਦਾ ਹੈ ਤੇ ਇੰਨਾਂ ਨੂੰ ਇੱਕ ਪਰਿਵਾਰਕ ਮਾਹੌਲ ਤੇ ਪਰਿਵਾਰ ਦਿੰਦਾ ਹੈ। ਇੰਨਾਂ ਮਰੀਜ਼ਾਂ ਦੇ ਵਿੱਚ ਜ਼ਿੰਦਗੀ ਨੂੰ ਖੁਸ਼ੀ-ਖੁਸ਼ੀ ਜਿਉਣ ਦਾ ਰਾਹ ਦਿੰਦਾ ਹੈ। 1 ਦਸੰਬਰ 2024 ਨੂੰ ਇਸ ਟਰੱਸਟ ਵੱਲੋਂ ਚਾਰ ਇੰਨਾਂ ਮਰੀਜਾਂ ਨਾਲ ਇੱਕ ਯਾਤਰਾ ਸ਼ੁਰੂ ਕੀਤੀ ਗਈ। ਜੋ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਮੋਹਾਲੀ ਤੋਂ ਸ਼ੁਰੂ ਕੀਤੀ ਗਈ ਅਤੇ 5 ਦਸੰਬਰ 2024 ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਸਮਾਪਤ ਕੀਤੀ ਗਈ। ਇਹ ਯਾਤਰਾ ਇੰਨਾਂ ਚਾਰ ਵੀਰਾਂ ਨੇ ਵੀਹਲ ਚੇਅਰ ਚਲਾ ਕੇ ਹੀ ਪੂਰੀ ਕੀਤੀ। ਇੰਨਾਂ ਵੀਰਾਂ ਨਾਲ ਟਰੱਸਟ ਦੀ ਪੂਰੀ ਟੀਮ ਵੀ ਨਾਲ ਹੀ ਰਹੀ। ਇਸ ਯਾਤਰਾ ਦਾ ਮਕਸਦ ਇੰਨਾਂ ਮਰੀਜਾਂ ਦੇ ਵਿੱਚ ਜ਼ਿੰਦਗੀ ਜਿਉਣ ਦਾ ਜਜ਼ਬਾ ਦਿਖਾਉਣਾ ਅਤੇ ਸਮਾਜ ਵਿੱਚ ਇਹ ਸੁਨੇਹਾ ਪਹੁੰਚਾਉਣਾ ਹੈ ਕਿ ਇੰਨਾਂ ਮਰੀਜਾਂ ਦਾ ਸਾਥ ਦੇਣਾ ਚਾਹਿਦਾ ਹੈ ਨਾ ਕਿ ਇੰਨਾਂ ਦੀ ਸ਼ਰੀਰਕ ਕਮਜ਼ੋਰੀ ਕਰਕੇ ਇੰਨਾਂ ਨੂੰ ਇਕੱਲੇ ਜਾਂ ਬੇਘਰ ਕਰ ਦੇਣਾ ਚਾਹਿਦਾ ਹੈ। ਨਵਜੀਤ ਸਿੰਘ ਵੀਰ ਜੀ ਨੇ ਦੱਸਿਆ ਕਿ ਇੰਨਾਂ ਮਰੀਜਾਂ ਵਿੱਚ ਇੰਨਾਂ ਜ਼ਜ਼ਬਾ ਹੈ ਕਿ ਇਹ ਰੀੜ ਦੀ ਹੱਡੀ ਦੇ ਨੁਕਸਾਨੇ ਹੋਣ ਦੇ ਬਾਵਜੂਦ ਵੀ ਕਿਰਤ ਕਰਣ ਤੋਂ ਪਿੱਛੇ ਨਹੀਂ ਹੱਟਦੇ। ਇਹ ਜਿੰਨਾਂ ਸਮਾਂ ਵੀ ਬੈਠ ਕੇ ਜੋ ਕੰਮ ਕਰ ਸਕਣ ਉਹ ਕਰਦੇ ਹਨ। ਬੱਸ ਇੰਨਾਂ ਨੂੰ ਸਾਥ ਦੀ ਲੋੜ ਹੁੰਦੀ ਹੈ। ਨਵਨੀਤ ਗੋਪੀ ਜੀ ਦਾ ਬਹੁਤ ਸ਼ੁਕਰੀਆ ਜਿੰਨਾਂ ਕਰਕੇ ਮੈਂ ਇਸ ਟਰੱਸਟ ਦੀ ਟੀਮ ਨੂੰ ਮਿਲ ਸਕੀ ਬਲਕਿ ਸਭ ਤੋਂ ਵੱਧ ਸ਼ੁਕਰੀਆ ਇੰਨਾਂ ਵੀਅਲ ਚੇਅਰ ਤੇ ਬੈਠੇ ਵੀਰਾਂ ਦਾ ਜਿੰਨਾਂ ਨਾਲ ਮਿਲਕੇ ਮੁਸੀਬਤਾਂ ਨਾਲ ਜੂਝਣ ਦਾ ਜ਼ਜ਼ਬਾ ਖੁਦ ਸਾਡੇ ਵਿੱਚ ਵੀ ਪੈਦਾ ਹੋਇਆ। ਜ਼ਿੰਦਗੀ ਨੂੰ ਮੁਹੱਬਤ ਨਾਲ ਜਿਉਣ ਦਾ ਸੁਨੇਹਾ ਮਿਲਿਆ। ਮੈਂ ਯਾਦਗਿਰੀ ਵੱਲੋਂ ਇੰਨਾਂ ਵੀਰਾਂ ਨੂੰ ਆਪਣੇ ਪੀਂਘਾਂ ਸੋਚ ਦੀਆਂ ਮੰਚ ਵੱਲੋਂ ਨੋਟਬੁੱਕ ਭੇਂਟ ਕੀਤੀ। ਸਾਰੀ ਟੀਮ ਬਹੁਤ ਹੀ ਖੁਸ਼ਮਿਜ਼ਾਜ਼ ਅਤੇ ਪਿਆਰੀ ਹੈ। ਮਾਨਵਤਾ ਦਾ ਸੁਨੇਹਾ ਲੈ ਕੇ 6 ਤਾਰੀਖ ਨੂੰ ਇਹ ਯਾਤਰਾ ਇੰਨਾਂ ਵੀਰਾ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਸਮਾਪਤ ਕੀਤੀ। ਭਾਈ ਭਗਵੰਤ ਸਿੰਘ ਜੀ ਧੰਗੇੜਾ ਜੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਜੀ ਨੇ ਇੰਨਾਂ ਚਾਰ ਵੀਰਾਂ ਨੂੰ ਅਤੇ ਟਰੱਸਟ ਦੇ ਜਰਨਲ ਸਕੱਤਰ ਨਵਜੀਤ ਸਿੰਘ ਵੀਰ ਨੂੰ ਯਾਦਗਿਰੀ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਭਾਈ ਭਗਵੰਤ ਸਿੰਘ ਜੀ ਧੰਗੇੜਾ ਜੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਨੂੰ ਇਸ ਮੌਕੇ 'ਤੇ ਮੈਂ ਵੀ ਪੀਂਘਾਂ ਸੋਚ ਦੀਆਂ ਮੰਚ ਵੱਲੋਂ ਨੋਟਬੁੱਕ ਭੇਂਟ ਕੀਤੀ। ਬਹੁਤ ਖੁਸ਼ੀ ਹੋਈ ਇੰਨਾਂ ਦੇ ਇਸ ਜਜ਼ਬੇ ਦਾ ਹਿੱਸਾ ਬਣਕੇ। ਬਹੁਤ ਧੰਨਵਾਦ ਨਵਨੀਤ ਗੋਪੀ ਜੀ ਦਾ ਇਸ ਪਿਆਰੀ ਮੁਲਾਕਾਤ ਲਈ।